ਜਲੰਧਰ ਅਜੀਤ
ਅਜੀਤ, ਜਲੰਧਰ
ਬੁੱਧਵਾਰ, 29 ਅਕਤੂਬਰ 2025

ਦੁਬਈ ਦੀ ਕਾਨਫਰੰਸ ਵਿਚ ਸ਼ਾਮਿਲ ਕਈ ਪ੍ਰਾਜੈਕਟ ਜਲੰਧਰ ਲਈ ਹੋਣਗੇ ਲਾਭਕਾਰੀ-ਵਨੀਤ ਧੀਰ

- ਮੇਅਰਾਂ ਦੀ ਕਾਨਫ਼ਰੰਸ ਵਿਚ ਸ਼ਾਮਿਲ ਹੋਣ ਲਈ ਵਿਸ਼ੇਸ਼ ਤੌਰ 'ਤੇ ਦੁਬਈ ਗਏ ਨੇ ਜਲੰਧਰ ਦੇ ਮੇਅਰ
- ਕਾਨਫ਼ਰੰਸ ਵਿਚ ਏਸ਼ੀਆ ਪੈਸੀਫਿਕ ਖੇਤਰ ਦੇ 600 ਤੋਂ ਵੱਧ ਸ਼ਹਿਰਾਂ ਦੇ ਮੇਅਰ ਤੇ ਪ੍ਰਤੀਨਿਧ ਨੇ ਸ਼ਾਮਿਲ

ਜਲੰਧਰ, 28 ਅਕਤੂਬਰ (ਸ਼ਿਵ)-ਡੁਬਈ ਵਿਚ ਸ਼ੁਰੂ ਹੋਈ ਏਸ਼ੀਆ ਪੈਸੀਫਿਕ ਸਿਟੀ ਸਮਿਟ (ਏ.ਪੀ.ਸੀ.ਐੱਸ.) ਅਤੇ ਮੇਅਰ ਫੋਰਮ ਵਿਚ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਜਲੰਧਰ ਦੇ ਮੇਅਰ ਸ੍ਰੀ ਵਨੀਤ ਧੀਰ ਨੇ ਦੱਸਿਆ ਕਿ ਅੰਤਰਰਾਸ਼ਟਰੀ ਪੱਧਰ ਦੀ ਇਸ ਕਾਨਫ਼ਰੰਸ ਵਿਚ ਆਪਣੇ ਸ਼ਹਿਰ, ਸੂਬੇ ਅਤੇ ਦੇਸ਼ ਦੀ ਪ੍ਰਤੀਨਿਧਤਾ ਕਰਨੀ ਖ਼ੁਸ਼ੀ ਦੀ ਗੱਲ ਸੀ। ਇਸ ਕਾਨਫ਼ਰੰਸ ਵਿਚ ਏਸ਼ੀਆ ਪੈਸੀਫਿਕ ਖੇਤਰ ਦੇ 600 ਤੋਂ ਵਧ ਸ਼ਹਿਰਾਂ ਦੇ ਮੇਅਰ,ਸ਼ਹਿਰੀ ਯੋਜਨਾਕਾਰ, ਨੀਤੀ ਨਿਰਮਾਤਾ ਅਤੇ ਹੋਰ ਵੀ ਨਵੀਨਤਾ ਕਾਰੀ ਸਮੇਤ ਉੱਚ ਪੱਧਰੀ ਡੈਲੀਗੇਟ ਸ਼ਾਮਿਲ ਹੋਏ। ਇਸ ਕਾਨਫ਼ਰੰਸ ਦਾ ਮਕਸਦ ਸ਼ਹਿਰੀ ਵਿਕਾਸ, ਆਰਥਿਕ ਵਿਕਾਸ ਅਤੇ ਨਿਵੇਸ਼ ਲਈ ਸਹਿਯੋਗ, ਯੋਜਨਾਬੰਦੀ ਅਤੇ ਰਣ ਨੀਤੀਆਂ ਸ਼ੁਰੂ ਕਰਨਾ ਸ਼ਾਮਿਲ ਸੀ। ਇਹ ਭਵਿੱਖ ਦੇ ਸ਼ਹਿਰਾਂ ਨੂੰ ਆਕਾਰ ਦੇਣ ਵਾਲੇ ਅਤੇ ਵਿਸ਼ਵ ਅਰਥਵਿਵਸਥਾ ਵਿਚ ਯੋਗਦਾਨ ਪਾਉਣ ਵਾਲਿਆਂ ਲਈ ਇੱਕ ਗਲੋਬਲ ਨੈੱਟਵਰਕ ਬਣਾਏਗਾ। ਮੇਅਰ ਵਨੀਤ ਧੀਰ ਨੇ ਕਿਹਾ ਕਿ ਇਹ ਕਦਮ ਸ਼ਹਿਰੀ ਵਿਕਾਸ ਅਤੇ ਤਰੱਕੀ ਲਈ ਉੱਭਰ ਰਹੇ ਮੌਕਿਆਂ ਦੇ ਨਾਲ-ਨਾਲ ਉਨ੍ਹਾਂ ਵਿਚਾਰਾਂ ਬਾਰੇ ਸਿੱਖਿਆ ਜੋ ਦੁਨੀਆ ਨੂੰ ਬਦਲ ਸਕਦੇ ਹਨ, ਉਨਾਂ ਸੰਸਾਰ ਪੱਧਰੀ ਆਗੂਆਂ ਨੂੰ ਮਿਲਣਾ ਅਤੇ ਗਿਆਨ ਸਾਂਝਾ ਕਰਨਾ ਕੀਮਤੀ ਸੀ।

ਦੁਬਈ ਵਿਚ ਹੋਈ ਰਹੀ ਕਾਨਫ਼ਰੰਸ ਵਿਚ ਸ਼ਾਮਿਲ ਮੇਅਰ ਵਨੀਤ ਧੀਰ ਅਤੇ ਹੋਰ। ਅਜੀਤ ਤਸਵੀਰ

ਵਨੀਤ ਧੀਰ ਨੇ ਕਿਹਾ ਕਿ ਡੁਬਈ ਵਿਚ ਹੋ ਰਹੀ ਕਾਨਫ਼ਰੰਸ ਸ਼ਹਿਰਾਂ ਦੇ ਵਿਕਾਸ ਲਈ ਕਾਫੀ ਲਾਹੇਵੰਦ ਹੈ ਕਿਉਂਕਿ ਇਸ ਦੇ ਨਾਲ ਉਹ ਸ਼ਹਿਰ ਵਿਚ ਬਿਹਤਰ ਤਰੀਕੇ ਨਾਲ ਵਿਕਾਸ ਦੇ ਕੰਮਾਂ ਤੋਂ ਇਲਾਵਾ ਸ਼ਹਿਰ ਦੀ ਵਧੀਆ ਦਿੱਖ ਬਣਾ ਸਕਦੇ ਹਨ। ਇਹ ਕਾਨਫ਼ਰੰਸ ਐਕਸਪੋ ਸਿਟੀ ਦੁਬਈ ਦੁਆਰਾ ਕਰਵਾਈ ਗਈ ਸੀ ਤਾਂ ਉਨ੍ਹਾਂ ਨੇ ਇਸ ਪ੍ਰੋਗਰਾਮ ਦਾ ਹਿੱਸਾ ਬਣਨ ਲਈ ਸਤਿਕਾਰ ਜ਼ਾਹਿਰ ਕੀਤਾ।

ਭਾਜਪਾ ਆਗੂ ਸ. ਢਿੱਲੋਂ ਵਲੋਂ ਬਿਆਸ ਡੇਰਾ ਮੁਖੀ ਨਾਲ ਮੁਲਾਕਾਤ

ਜਲੰਧਰ, 28 ਅਕਤੂਬਰ (ਸ਼ਿਵ)-ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਐਨ.ਪੀ.ਐੱਸ ਢਿੱਲੋਂ ਨੇ ਅੱਜ ਬਿਆਸ ਡੇਰਾ ਮੁਖੀ ਗੁਰਿੰਦਰ ਸਿੰਘ ਢਿੱਲੋਂ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਦੋਵਾਂ ਨੇ ਪੰਜਾਬ ਦੀ ਮੌਜੂਦਾ ਸਥਿਤੀ, ਸਮਾਜਿਕ ਸਦਭਾਵਨਾ ਅਤੇ ਵਿਕਾਸ ਨਾਲ ਸਬੰਧਿਤ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ। ਐਨ.ਪੀ.ਐੱਸ ਢਿੱਲੋਂ ਨੇ ਕਿਹਾ ਪੰਜਾਬ ਦੀ ਤਰੱਕੀ ਸਾਰੇ ਭਾਈ ਚਾਰਿਆਂ ਦੇ ਸਹਿਯੋਗ ਅਤੇ ਏਕਤਾ ਨਾਲ ਹੀ ਸੰਭਵ ਹੈ। ਸਾਨੂੰ ਸੂਬੇ ਵਿਚ ਸ਼ਾਂਤੀ ਅਤੇ ਵਿਕਾਸ ਨੂੰ ਅੱਗੇ ਵਧਾਉਣ ਲਈ ਇਕੱਠੇ ਕੰਮ ਕਰਨਾ ਚਾਹੀਦਾ ਹੈ। ਇਸ ਦੌਰਾਨ, ਬਿਆਸ ਡੇਰਾ ਮੁਖੀ ਸਰਦਾਰ ਗੁਰਿੰਦਰ ਸਿੰਘ ਢਿੱਲੋਂ ਨੇ ਸੂਬੇ ਵਿਚ ਸਕਾਰਾਤਮਿਕ ਮਾਹੌਲ ਬਣਾਈ ਰੱਖਣ ਅਤੇ ਸੇਵਾ ਦੀ ਭਾਵਨਾ ਨਾਲ ਕੰਮ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਗੁਰਿੰਦਰ ਸਿੰਘ ਢਿੱਲੋਂ ਨਾਲ ਮੁਲਾਕਾਤ ਦੌਰਾਨ ਐੱਨ.ਪੀ.ਐੱਸ. ਢਿੱਲੋਂ। ਅਜੀਤ ਤਸਵੀਰ

ਜੇਤੂ ਵਿਦਿਆਰਥੀਆਂ ਦਾ ਸਨਮਾਨ ਕਰਦੇ ਹੋਏ ਪ੍ਰਿੰਸੀਪਲ ਡਾ. ਰਸ਼ਮੀ ਵਿੱਜ ਨਾਲ ਹਨ ਸਟਾਫ਼ ਮੈਂਬਰ ਆਦਿ। ਤਸਵੀਰ-ਜੀ.ਪੀ.ਸਿੰਘ

ਪੁਲਿਸ ਡੀ.ਏ.ਵੀ. ਪਬਲਿਕ ਸਕੂਲ ਭਾਸ਼ਣ, ਲੇਖ ਲਿਖਣ ਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ

ਜਲੰਧਰ, 28 ਅਕਤੂਬਰ (ਪਵਨ ਖਰਬੰਦਾ)-ਪੁਲਿਸ ਯਾਦਗਾਰੀ ਦਿਵਸ ਦੇ ਸੰਬੰਧ 'ਚ ਪ੍ਰਿੰਸੀਪਲ ਡਾ. ਰਸ਼ਮੀ ਵਿਜ ਦੀ ਅਗਵਾਈ ਹੇਠ ਡੀਏਵੀ ਪਬਲਿਕ ਸਕੂਲ ਪੀਏਪੀ ਕੈਂਪਸ, ਜਲੰਧਰ ਛਾਉਣੀ ਵਿਖੇ ਪੁਲਿਸ ਯਾਦਗਾਰੀ ਦਿਵਸ ਮਨਾਇਆ ਗਿਆ। ਇਸ ਮੌਕੇ 'ਤੇ ਰਾਸ਼ਟਰ ਨਿਰਮਾਣ ਵਿੱਚ ਪੁਲਿਸ ਦੀ ਭੂਮਿਕਾ ਵਿਸ਼ੇ 'ਤੇ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾਵਾਂ ਵਿੱਚ ਭਾਸ਼ਣ ਮੁਕਾਬਲਾ, ਲੇਖ ਲਿਖਣ ਅਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਭਾਸ਼ਣ ਮੁਕਾਬਲੇ ਲਈ ਜਿਊਰੀ ਵਿੱਚ ਕੰਵਲਪ੍ਰੀਤ, ਜਸਪ੍ਰੀਤ ਬੋਪਾਰਾਏ ਅਤੇ ਸਵਿਤਾ ਮੈਨੀ ਸ਼ਾਮਲ ਸਨ। ਪ੍ਰਬੰਧਕਾਂ ਨੇ ਦੱਸਿਆ ਕਿ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੇ ਸਮਾਜ ਵਿੱਚ ਪੁਲਿਸ ਕਰਮਚਾਰੀਆਂ ਦੇ ਅਥਾਹ ਯੋਗਦਾਨ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਆਪਣਾ ਧੰਨਵਾਦ ਪ੍ਰਗਟ ਕੀਤਾ। 32 ਵਿਦਿਆਰਥੀਆਂ ਨੇ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਣ ਮੁਕਾਬਲਿਆਂ ਵਿੱਚ ਹਿੱਸਾ ਲਿਆ। ਲੇਖ ਲਿਖਣ ਮੁਕਾਬਲੇ ਵਿੱਚ 50 ਵਿਦਿਆਰਥੀਆਂ ਨੇ ਲੇਖਾਂ ਦੇ ਰੂਪ ਵਿੱਚ ਆਪਣੀ ਸ਼ੁਕਰਗੁਜ਼ਾਰੀ ਅਤੇ ਪ੍ਰਸ਼ੰਸਾ ਪੱਤਰ ਲਿਖੇ। ਲਗਭਗ 45 ਵਿਦਿਆਰਥੀਆਂ ਨੇ ਪੁਲਿਸ ਫੋਰਸ ਦੀ ਭੂਮਿਕਾ ਨੂੰ ਦਰਸਾਉਂਦੇ ਸੁੰਦਰ ਪੋਸਟਰਾਂ ਰਾਹੀਂ ਆਪਣੀ ਸਿਰਜਣਾਤਮਿਕਤਾ ਅਤੇ ਸੁਹਜ ਭਾਵਨਾ ਦਾ ਪ੍ਰਦਰਸ਼ਨ ਕੀਤਾ। ਇਸੇ ਵਿਸ਼ੇ 'ਤੇ ਇੱਕ ਕਵਿਤਾ ਅਤੇ ਸਮੂਹ ਗੀਤ ਵੀ ਪ੍ਰੋਗਰਾਮ ਦਾ ਹਿੱਸਾ ਸਨ। ਪ੍ਰਿੰਸੀਪਲ ਡਾ. ਰਸ਼ਮੀ ਵਿਜ ਨੇ ਕਾਨੂੰਨ ਅਤੇ ਵਿਵਸਥਾ ਬਣਾਈ ਰੱਖਣ ਵਿੱਚ ਪੁਲਿਸ ਅਧਿਕਾਰੀਆਂ ਵਲੋਂ ਨਿਭਾਈ ਗਈ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਸਨਮਾਨਿਤ ਮਹਿਮਾਨਾਂ ਅਤੇ ਜਿਊਰੀ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ। ਜੇਤੂਆਂ ਨੂੰ ਪ੍ਰਿੰਸੀਪਲ ਡਾ. ਰਸ਼ਮੀ ਵਿਜ ਦੁਆਰਾ ਸਰਟੀਫਿਕੇਟ ਪ੍ਰਦਾਨ ਕੀਤੇ ਗਏ।

ਸੀ.ਟੀ. ਗਰੁੱਪ ਵਿਖੇ 'ਪੀ.ਓ.ਪੀ. ਕਾਸਟਿੰਗ ਟੈਕਨੀਕ' ਸੰਬੰਧੀ ਜਾਣਕਾਰੀ ਦਿੰਦੇ ਹੋਏ ਡਾ. ਤਰੁਣਦੀਪ ਸਿੰਘ। ਤਸਵੀਰ ਜੀ. ਪੀ. ਸਿੰਗ

ਸੀ.ਟੀ. ਗਰੁੱਪ ਵਲੋਂ 'ਪੀ.ਓ.ਪੀ. ਕਾਸਟਿੰਗ ਟੈਕਨੀਕ' ਸੰਬੰਧੀ ਵਰਕਸ਼ਾਪ

ਜਲੰਧਰ, 28 ਅਕਤੂਬਰ (ਜਸਪਾਲ ਸਿੰਘ)-ਸੀ.ਟੀ. ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਫਿਜ਼ਿਓਥੈਰਪੀ ਵਿਭਾਗ ਵੱਲੋਂ 'ਫ੍ਰੈਕਚਰ ਕੇਸਾਂ ਵਿੱਚ ਪੀ.ਓ.ਪੀ. ਕਾਸਟਿੰਗ ਟੈਕਨੀਕ' ਵਿਸ਼ੇ 'ਤੇ ਇੱਕ 'ਐਕਸਪਰਟ ਟਾਕ ਕਮ ਵਰਕਸ਼ਾਪ' ਕਰਵਾਈ ਗਈ, ਜਿਸ ਦਾ ਮਕਸਦ ਵਿਦਿਆਰਥੀਆਂ ਨੂੰ ਆਰਥੋਪੈਡਿਕ ਦੇਖਭਾਲ ਅਤੇ ਪੁਨਰਵਾਸ ਨਾਲ ਜੁੜੀ ਹਕੀਕਤੀ ਸਿੱਖਿਆ ਦੇਣਾ ਸੀ। ਇਹ ਸੈਸ਼ਨ ਡਾ. ਤਰੁਣਦੀਪ ਸਿੰਘ ਮੈਡੀਕਲ ਡਾਇਰੈਕਟਰ, ਰਣਜੀਤ ਹਸਪਤਾਲ ਅਤੇ ਸਾਬਕਾ ਰਜਿਸਟਰਾਰ, ਪੀ.ਜੀ.ਆਈ. ਰੋਹਤਕ ਵੱਲੋਂ ਲੀਡ ਕੀਤਾ ਗਿਆ। ਉਨ੍ਹਾਂ ਨੇ ਪਲਾਸਟਰ ਆਫ਼ ਪੈਰਿਸ ਕਾਸਟਿੰਗ ਦੀ ਪ੍ਰਕਿਰਿਆ ਤੇ ਉਸ ਦੇ ਸਿਧਾਂਤਾਂ ਬਾਰੇ ਵਿਸਥਾਰ ਨਾਲ ਤੇ ਇੰਟਰਐਕਟਿਵ ਢੰਗ ਨਾਲ ਜਾਣਕਾਰੀ ਸਾਂਝੀ ਕੀਤੀ। ਡਾ. ਤਰੁਣਦੀਪ ਨੇ ਸਟੀਕਤਾ, ਮਰੀਜ਼ ਦੀ ਸੁਵਿਧਾ ਅਤੇ ਫ੍ਰੈਕਚਰ ਤੋਂ ਬਾਅਦ ਫਿਜ਼ਿਓਥੈਰਾਪਿਸਟ ਦੀ ਭੂਮਿਕਾ ਦੇ ਮਹੱਤਵ 'ਤੇ ਜ਼ੋਰ ਦਿੱਤਾ। ਵਿਦਿਆਰਥੀਆਂ ਨੇ ਡੈਮੋ ਸੈਸ਼ਨ ਵਿੱਚ ਸਰਗਰਮੀ ਨਾਲ ਭਾਗ ਲਿਆ ਅਤੇ ਕਲੀਨੀਕਲ ਪ੍ਰੈਕਟਿਸ ਤੇ ਪੇਸ਼ੈਂਟ ਹੈਂਡਲਿੰਗ ਨਾਲ ਸੰਬੰਧਤ ਕੌਸ਼ਲਾਂ ਦਾ ਤਜਰਬਾ ਹਾਸਿਲ ਕੀਤਾ। ਇਸ ਮੌਕੇ ਸੀ.ਟੀ. ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਵਾਇਸ ਚੇਅਰਮੈਨ ਹਰਪ੍ਰੀਤ ਸਿੰਘ, ਡਾ. ਸ਼ਿਵ ਕੁਮਾਰ (ਡਾਇਰੈਕਟਰ), ਡਾ. ਸੰਗਰਾਮ ਸਿੰਘ (ਡਾਇਰੈਕਟਰ, ਅਕੈਡਮਿਕ ਆਪਰੇਸ਼ਨਜ਼), ਫਿਜ਼ੀਓਥੈਰਪੀ ਵਿਭਾਗ ਦੇ ਮੁਖੀ ਡਾ. ਅਰੁਣ, ਅਸਿਸਟੈਂਟ ਡੀਨ ਡਾ. ਐਨਾ ਅਤੇ ਵਿਭਾਗ ਦੇ ਫੈਕਲਟੀ ਮੈਂਬਰ ਹਾਜ਼ਰ ਸਨ। ਸ. ਹਰਪ੍ਰੀਤ ਸਿੰਘ ਵੱਲੋਂ ਡਾ. ਤਰੁਣਦੀਪ ਸਿੰਘ ਨੂੰ ਉਨ੍ਹਾਂ ਦੇ ਕੀਮਤੀ ਯੋਗਦਾਨ ਅਤੇ ਵਿਦਿਆਰਥੀਆਂ ਨਾਲ ਕਲੀਨੀਕਲ ਤਜਰਬਾ ਸਾਂਝਾ ਕਰਨ ਲਈ ਸਨਮਾਨਿਤ ਕੀਤਾ ਗਿਆ। ਵਰਕਸ਼ਾਪ ਦਾ ਸਮਾਪਨ ਇੱਕ ਇੰਟਰਐਕਟਿਵ ਚਰਚਾ ਸੈਸ਼ਨ ਨਾਲ ਹੋਇਆ, ਜਿਸ ਵਿੱਚ ਵਿਦਿਆਰਥੀਆਂ ਨੇ ਨਵੀਂ ਜਾਣਕਾਰੀ ਪ੍ਰਾਪਤ ਕੀਤੀ।

ਜਸ਼ਨਦੀਪ ਸਿੰਘ ਨੂੰ ਸਨਮਾਨਿਤ ਕਰਦੇ ਹੋਏ ਤਜਿੰਦਰ ਸਿੰਘ ਪਰਦੇਸੀ ਤੇ ਹੋਰ। ਤਸਵੀਰ ਮੁਨੀਸ਼

ਸਿੱਖ ਤਾਲਮੇਲ ਕਮੇਟੀ ਦੇ ਯਤਨਾਂ ਸਦਕਾ ਇਕ ਗੁਰਸਿੱਖ ਵਿਅਕਤੀ ਨੂੰ ਮਿਲੀ ਨੌਕਰੀ

ਜਲੰਧਰ, 28 ਅਕਤੂਬਰ (ਹਰਵਿੰਦਰ ਸਿੰਘ ਫੁੱਲ)-ਸਿੱਖ ਤਾਲਮੇਲ ਕਮੇਟੀ ਦੇ ਅਣਥੱਕ ਯਤਨਾਂ ਸਦਕਾ ਇੱਕ ਅੰਮ੍ਰਿਤਧਾਰੀ ਗੁਰਸਿੱਖ ਲੜਕੇ ਜਸ਼ਨਦੀਪ ਸਿੰਘ ਨੂੰ ਇੱਕ ਸੰਸਥਾ 'ਚ ਨੌਕਰੀ ਲਗਵਾਈ ਗਈ। ਜਸ਼ਨਦੀਪ ਸਿੰਘ ਜੋ ਕਿ ਬੀ.ਏ ਦੂਜੇ ਸਾਲ ਦਾ ਵਿਦਿਆਰਥੀ ਹੈ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਪੰਜਾਬ ਪੱਧਰ 'ਤੇ ਯੂਥ ਫ਼ੈਸਟੀਵਲ ਤਬਲਾ ਮੁਕਾਬਲੇ ਦਾ ਜੇਤੂ ਹੈ। ਜਦੋਂ ਸਿੱਖ ਤਾਲਮੇਲ ਕਮੇਟੀ ਨੂੰ ਜਸ਼ਨਦੀਪ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਮਿਲੀ ਤਾਂ ਉਨ੍ਹਾਂ ਜਸ਼ਨਦੀਪ ਸਿੰਘ ਨੂੰ ਕਮੇਟੀ ਦੇ ਦਫ਼ਤਰ ਬੁਲਾ ਕੇ ਸਨਮਾਨਿਤ ਕੀਤਾ ਬੱਚੇ ਵੱਲੋਂ ਨੌਕਰੀ ਕਰਨ ਦੀ ਇੱਛਾ ਪ੍ਰਗਟ ਕਰਨ 'ਤੇ ਕਮੇਟੀ ਨੇ ਆਪਣੇ ਯਤਨਾਂ ਨਾਲ ਗੁਰੂ ਨਾਨਕ ਪਬਲਿਕ ਸਕੂਲ ਪ੍ਰੀਤ ਨਗਰ ਵਿਚ ਨੌਕਰੀ ਲਈ ਪਰਮਜੀਤ ਸਿੰਘ ਹੀਰਾ ਭਾਟੀਆ ਅਤੇ ਅਰਵਿੰਦਰ ਸਿੰਘ ਰੇਰੂ ਨਾਲ ਸੰਪਰਕ ਕਰ ਕੇ ਨੌਕਰੀ ਲਈ ਬੇਨਤੀ ਕੀਤੀ, ਜਿਨ੍ਹਾਂ ਨੇ ਤੁਰੰਤ ਸਕੂਲੀ ਬੱਚਿਆਂ ਨੂੰ ਤਬਲਾ ਸਿਖਾਉਣ ਲਈ ਸਕੂਲ ਵਿਚ ਨੌਕਰੀ ਦੇ ਦਿੱਤੀ। ਇਹ ਜਾਣਕਾਰੀ ਦਿੰਦੇ ਦਿੰਦੇ ਹੋਏ ਕਮੇਟੀ ਦੇ ਆਗੂ ਤਜਿੰਦਰ ਸਿੰਘ ਪਰਦੇਸੀ, ਹਰਪਾਲ ਸਿੰਘ ਚੱਡਾ, ਹਰਪ੍ਰੀਤ ਸਿੰਘ ਨੀਟੂ, ਹਰਵਿੰਦਰ ਸਿੰਘ ਚਟਕਾਰਾ ਨੇ ਜਿੱਥੇ ਸਕੂਲ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਉੱਥੇ ਜਲੰਧਰ ਤੋਂ ਹਰ ਗੁਰਸਿੱਖ ਨੂੰ ਜੋ ਯੋਗਤਾ ਰੱਖਦਾ ਹੋਵੇ ਨੂੰ ਨੌਕਰੀ ਅਤੇ ਹੋਰ ਕਾਰੋਬਾਰ ਖੋਲ੍ਹਣ ਲਈ ਜਥੇਬੰਦੀ ਵਲੋਂ ਕੀਤੇ ਗਏ ਅਹਿਦ ਨੂੰ ਦੁਹਰਾਇਆ। ਇਸ ਮੌਕੇ ਜਸ਼ਨਦੀਪ ਸਿੰਘ ਦੇ ਪਿਤਾ ਹਰਭੇਜ ਸਿੰਘ ਸਠਿਆਲਾ ਨੇ ਜਿੱਥੇ ਜਥੇਬੰਦੀ ਦਾ ਧੰਨਵਾਦ ਕੀਤਾ ਉੱਥੇ ਕਮੇਟੀ ਵੱਲੋਂ ਸਿੱਖੀ ਦੀ ਚੜ੍ਹਦੀ ਕਲਾ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਇਸ ਮੌਕੇ ਮਨਪ੍ਰੀਤ ਸਿੰਘ ਬਿੰਦਰਾ, ਹਰਪ੍ਰੀਤ ਸੋਨੂੰ ਵੀ ਹਾਜ਼ਰ ਸਨ।

ਸੂਬਾ ਸਰਕਾਰ ਪੱਛੜੇ ਵਰਗਾਂ ਦੀ ਭਲਾਈ ਤੇ ਬਿਹਤਰੀ ਲਈ ਵਚਨਬੱਧ-ਮਲਕੀਤ ਥਿੰਦ

ਚੇਅਰਮੈਨ ਨੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਚੱਲ ਰਹੀਆਂ ਸਕੀਮਾਂ ਦਾ ਲਿਆ ਜਾਇਜ਼ਾ

ਜਲੰਧਰ, 28 ਅਕਤੂਬਰ (ਚੰਦੀਪ ਭੱਲਾ)-ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਚੇਅਰਮੈਨ ਮਲਕੀਤ ਥਿੰਦ ਨੇ ਅੱਜ ਰਾਜ ਸਰਕਾਰ ਵੱਲੋਂ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਚੱਲ ਰਹੀਆਂ ਸਕੀਮਾਂ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਪੱਛੜੀਆਂ ਸ਼੍ਰੇਣੀਆਂ ਦੇ ਲਾਭਪਾਤਰੀਆਂ ਤੱਕ ਇਨ੍ਹਾਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਪੁੱਜਦਾ ਕਰਨ ਦੀ ਹਦਾਇਤ ਕੀਤੀ।ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਧੀਕ ਡਿਪਟੀ ਕਮਿਸ਼ਨਰ (ਜ) ਅਮਨਿੰਦਰ ਕੌਰ, ਬੈਕਫਿਨਕੋ ਦੇ ਵਾਈਸ ਚੇਅਰਮੈਨ ਹਰਜਿੰਦਰ ਸਿੰਘ ਸੀਚੇਵਾਲ ਅਤੇ ਜ਼ਿਲ੍ਹਾ ਭਲਾਈ ਦਫ਼ਤਰ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਚੇਅਰਮੈਨ ਮਲਕੀਤ ਥਿੰਦ ਨੇ ਕਿਹਾ ਕਿ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਚੱਲ ਰਹੀਆਂ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇ, ਤਾਂ ਜੋ ਕੋਈ ਵੀ ਲੋੜਵੰਦ ਤੇ ਯੋਗ ਲਾਭਪਾਤਰੀ ਇਨ੍ਹਾਂ ਦਾ ਲਾਭ ਪ੍ਰਾਪਤ ਕਰਨ ਤੋਂ ਵਾਂਝਾ ਨਾ ਰਹੇ।ਉਨ੍ਹਾਂ ਪੱਛੜੇ ਵਰਗ ਦੇ ਲੋਕਾਂ ਨੂੰ ਸਰਕਾਰ ਦੀਆਂ ਸਕੀਮਾਂ ਬਾਰੇ ਜਾਣੂ ਕਰਵਾਉਣ ਲਈ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ 'ਤੇ ਜ਼ੋਰ ਦਿੱਤਾ। ਚੇਅਰਮੈਨ ਨੇ ਕਿਹਾ ਕਿ ਸੂਬਾ ਸਰਕਾਰ ਹਰੇਕ ਵਰਗ ਦੇ ਨਾਲ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਅਤੇ ਬਿਹਤਰੀ ਲਈ ਵਚਨਬੱਧ ਹੈ। ਇਸ ਤੋਂ ਪਹਿਲਾਂ ਚੇਅਰਮੈਨ ਮਲਕੀਤ ਥਿੰਦ ਨੇ ਸਥਾਨਕ ਸਰਕਟ ਹਾਊਸ ਵਿਖੇ ਭਾਈਚਾਰੇ ਦੀਆਂ ਮੁਸ਼ਕਿਲਾਂ ਵੀ ਸੁਣੀਆਂ। ਮੀਟਿੰਗ ਵਿਚ ਬੀ.ਸੀ. ਵਿੰਗ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ, ਨਗਰ ਨਿਗਮ ਜਲੰਧਰ ਦੇ ਜੁਆਇੰਟ ਕਮਿਸ਼ਨਰ ਸੁਮਨਦੀਪ ਕੌਰ, ਸਹਾਇਕ ਕਮਿਸ਼ਨਰ (ਜ) ਰੋਹਿਤ ਜਿੰਦਲ, ਜ਼ਿਲ੍ਹਾ ਭਲਾਈ ਅਫ਼ਸਰ ਰਣਬੀਰ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

ਪੰਜਾਬ ਰਾਜ ਪਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਚੇਅਰਮੈਨ ਮਲਕੀਤ ਥਿੰਦ ਅਧਿਕਾਰੀਆਂ ਨਾਲ ਗੱਲਬਾਤ ਕਰਦੇ ਹੋਏ। ਤਸਵੀਰ-ਜੀ.ਪੀ.ਸਿੰਘ

ਜੇਤੂ ਖਿਡਾਰੀ ਖੁਸ਼ੀ ਦਾ ਪ੍ਰਗਟਾਵਾ